# 10

# ਵਰਤੋਂ, ਅਵਰਤੋਂ, ਦੁਰਵਰਤੋਂ, ਕੁਵਰਤੋਂ

ਪੁਰਾਣੇ ਨੇਮ ਦੇ ਨਾਇਕਾਂ ਵਿੱਚੋਂ ਯੋਨਾਥਾਨ ਮੇਰਾ ਪਸੰਦੀਦਾ ਨਾਇਕ ਹੈ। ਉਸ ਨੇ ਵੀ ''ਉੱਨ ਕੁਤਰੀ ਸੀ।'' ਉਸ ਦੀ ਕਹਾਣੀ 1 ਸਮੂਏਲ 14 ਵਿਚ ਮਿਲਦੀ ਹੈ। ਰਾਜਾ ਸ਼ਾਊਲ ਨੇ ਪਾਪ ਕੀਤਾ ਸੀ। ਉਸ ਦੀ ਹਕੂਮਤ ਬਦ ਤੋਂ ਬਦਤਰ ਹੋ ਰਹੀ ਸੀ, ਫਿਰ ਵੀ ਉਸ ਦਾ ਇਕ ਵਫ਼ਾਦਾਰ ਸੂਰਮਾ ਪੁੱਤਰ ਸੀ, ਯੋਨਾਥਾਨ। ਕੰਟਰੋਲ ਪਲਿਸ਼ਤੀਆਂ ਦੇ ਹੱਥ ਸੀ। ਕਿਸੇ ਲੁਹਾਰ ਨੂੰ ਇਸਰਾਇਲ ਵਿਚ ਆਉਣ ਦੀ ਇਜਾਜ਼ਤ ਨਹੀਂ ਸੀ ਕਿ ਕਿਤੇ ਉਹ ਤਲਵਾਰਾਂ ਨਾ ਬਨਾਉਣ ਲਗ ਜਾਣ। ਫ਼ੌਜ ਦੀ ਪਹੁੰਚ ਸਿਰਫ਼ ਕੁਹਾੜੀਆਂ ਅਤੇ ਫੌੜ੍ਹਿਆਂ ਤਕ ਹੀ ਸੀ। ਸਿਰਫ਼ ਰਾਜੇ ਅਤੇ ਯੋਨਾਥਾਨ ਕੋਲ ਹੀ ਭਾਲਾ ਅਤੇ ਤਲਵਾਰ ਸਨ; ਪਰ ਯੋਨਾਥਾਨ ਦਾ ਵਿਸ਼ਵਾਸ ਖ਼ੁਦਾ ਉੱਤੇ ਸੀ। ਉਸ ਨੇ ਆਪਣੇ ਹਥਿਆਰ ਢੋਣ ਵਾਲੇ ਨੂੰ ਬੇਸੁੰਨਤੇ ਪਲਿਸ਼ਤੀਆਂ ਨੂੰ ਮਾਰਨ ਲਈ ਆਪਣੇ ਨਾਲ ਚੱਲਣ ਦਾ ਹੁਕਮ ਦਿੱਤਾ। (ਕਲਪਨਾ ਕਰੋ ਕਿ ਇਹ ਕਿੰਨਾ ਰੋਮਾਂਚਿਕ ਹੋਵੇਗਾ।) ਉਸ ਕੋਲ ਭਾਰੀ ਗਿਣਤੀ ਵਿਚ ਫੌਜ ਨਹੀਂ ਸੀ ਅਤੇ ਨਾ ਹੀ ਹਥਿਆਰ ਸਨ; ਪਰ ਹਾਲਾਤ ਢੁਕਵੇਂ ਸਨ। ਯੋਨਾਥਾਨ ਨੇ ਕਿਵੇਂ ''ਉੱਨ ਕਤਰੀ''? ਉਸ ਨੇ ਆਪਣੇ ਹਥਿਆਰ ਢੋਣ ਵਾਲੇ ਨੂੰ ਦੱਸਿਆ, ''ਜੇ ਦੁਸ਼ਮਣ ਇੰਨੀ ਵੱਡੀ ਗਿਣਤੀ ਨਾਲ ਮੈਨੂੰ ਨੁਕੀਲੀ ਚੱਟਾਨ ਤੇ ਸਿਰਫ਼ ਇਕ ਤਲਵਾਰ ਲੈ ਕੇ ਚੜ੍ਹਨ ਲਈ ਕਹੇ, ਤਾਂ ਇਹ ਖ਼ੁਦਾ ਵੱਲੋਂ ਜਿੱਤ ਦਾ ਨਿਸ਼ਾਨ ਹੋਵੇਗਾ।'' ਭਲਾ ਸਾਡੇ ਕੋਲ ਉੱਨ ਉਤਾਰਨ *[ਭਾਵ ਗਿਦਾਊਨ ਵਾਂਗ ਪਤਾ ਲਾਉਣ ਦਾ ਕਿ ਖ਼ੁਦਾ ਸਚਮੁਚ ਉਨ੍ਹਾਂ ਦੇ ਨਾਲ ਸੀ, ਵੇਖੋ ਨਿਆਈਆਂ 6:36–38– ਅਨੁਵਾਦਕ]* ਦਾ ਇਹੀ ਤਰੀਕਾ ਹੈ? ਪਲਿਸ਼ਤੀਆਂ ਨੇ ਖੁਸ਼ੀ ਨਾਲ ਮੰਨ ਲਿਆ। ਵੀਹ ਲੋਕਾਂ ਨੂੰ ਮਾਰਨ ਲਈ ਯੋਨਾਥਾਨ ''ਹੱਥਾਂ ਅਤੇ ਪੈਰਾਂ ਭਾਰ'' ਚੜ੍ਹ ਗਿਆ। ਭੁਚਾਲ ਆਇਆ ਅਤੇ ਪਲਿਸ਼ਤੀ ਕੰਬ ਉੱਠੇ। ਯੋਨਾਥਾਨ ਨੂੰ ਖ਼ੁਦਾ ਲਈ ਇਕ ਵੱਡੀ ਜਿੱਤ ਮਿਲੀ।

1 ਸਮੂਏਲ 14 ਤੋਂ ਅਸੀਂ ਦੁਆ ਦੀ ਕੁਵਰਤੋਂ, ਅਵਰਤੋਂ, ਦੁਰਵਰਤੋਂ ਅਤੇ ਵਚਨ ਦੇ ਮੁਤਾਬਕ ਵਰਤੋਂ ਨੂੰ ਵੇਖ ਸਕਦੇ ਹਾਂ। ਆਓ ਪਹਿਲਾਂ ਦੁਆ ਦੀ *ਕੁਵਰਤੋਂ* ਤੇ ਵਿਚਾਰ ਕਰਦੇ ਹਾਂ। ਲੀਡਰਾਂ ਦੀ ਚੋਣ ਸਿਰਫ਼ ਦੁਆ ਨਾਲ ਹੀ ਹੋਣੀ ਜ਼ਰੂਰੀ ਨਹੀਂ ਹੈ, ਫਿਰ ਵੀ ਉਸ ਦੀ ਚੋਣ ਬਿਨਾਂ ਦੁਆ ਦੇ ਨਹੀਂ ਹੋਣੀ ਚਾਹੀਦੀ। ਲੀਡਰ ਅਤੇ ਪ੍ਰਚਾਰਕਾਂ ਦੇ ਚੁਣੇ ਜਾਣ ਵੇਲੇ ਆਮ ਤੌਰ ਤੇ ਗੜਬੜ ਰਹਿੰਦੀ ਹੀ ਹੈ। ਕਿਉਂ? ਕਿਉਂਕਿ ਖ਼ੁਦਾ ਦੀ ਥਾਂ ਸਿਆਸਤ ਅਤੇ ਗ਼ਲਤ ਮਾਪਦੰਡਾਂ ਤੇ ਜ਼ੋਰ ਦਿੱਤਾ ਜਾਂਦਾ ਹੈ। ਰਸੂਲਾਂ ਦੇ ਕੰਮ 1 ਅਧਿਆਇ ਵਿਚ ਯਹੂਦਾ ਦੇ ਉੱਤਰਾਧਿਕਾਰੀ ਦੀ ਚੋਣ ਕਰਦੇ ਸਮੇਂ ਪਤਰਸ ਨੇ ਬਿਲਕੁਲ ਸਾਫ਼ ਕਰ ਦਿੱਤਾ ਸੀ ਕਿ ਉਸ ਆਦਮੀ ਵਿਚ ਯੋਗਤਾ ਹੋਣੀ ਜ਼ਰੂਰੀ ਸੀ। ਦੋ ਜਣਿਆਂ ਵਿਚ ਯੋਗਤਾ ਪਾਈ ਗਈ ਸੀ। ਫਿਰ ਖ਼ੁਦਾ ਨੇ ਫ਼ੈਸਲਾ ਲਿਆ। ਮਿਸ਼ਨਰੀ ਟੀਮ ਦੀ ਚੋਣ ਦੁਆ ਅਤੇ ਰੋਜ਼ੇ ਨਾਲ ਹੋਈ ਸੀ (ਰਸੂਲਾਂ ਦੇ ਕੰਮ 13:1–3)। ਬਾਅਦ ਵਿਚ ਐਲਡਰਾਂ ਦੀ ਨਿਯੁਕਤੀ ਦੁਆ ਅਤੇ ਰੋਜ਼ੇ ਨਾਲ ਹੋਈ ਸੀ (ਰਸੂਲਾਂ ਦੇ ਕੰਮ 14:23)। *ਪਹਿਲਾਂ ਦੁਆ ਕਰੋ!* ਮੁਸ਼ਕਿਲ ਸਮਾਂ ਆਉਣ ਤੇ ਕਲੀਸੀਆ ਦੇ ਆਗੂਆਂ ਨੂੰ ਦੁਆ ਕਰਨਾ ਜ਼ਰੂਰੀ ਲਗਦਾ ਹੈ। ਫਿਰ ਕਾਮਯਾਬੀ ਮਿਲ ਜਾਂਦੀ ਹੈ। ਉਸ ਦੇ ਬਾਅਦ ਦੁਆ ਨੂੰ ਭੁੱਲ ਜਾਣਾ ਅਤੇ ਲਾਪਰਵਾਹੀ ਕਰਨਾ ਅਸਾਨ ਹੁੰਦਾ ਹੈ। *ਦੁਆ ਦੀਆਂ ਲੋੜਾਂ* ਬਦਲ ਸਕਦੀਆਂ ਹਨ, ਪਰ ਦੁਆ ਦੀ ਲੋੜ ਨਹੀਂ ਬਦਲ ਸਕਦੀ। ਕੋਈ ਕਲੀਸੀਆ, ਕੋਈ ਆਗੂ ਅਜਿਹਾ ਨਹੀਂ ਹੋਵੇਗਾ, ਜਿਸ ਨੂੰ ਦੁਆ ਦੀ ਲੋੜ ਨਾ ਹੋਵੇ। ਯੋਨਾਥਾਨ ਨੂੰ ਖ਼ੁਦਾ ਦੇ ਕਾਰਣ ਜਿੱਤ ਮਿਲੀ ਨਾ ਕਿ ਆਪਣੇ ਕਾਰਣ! *ਪਹਿਲਾਂ ਦੁਆ ਕਰੋ!*

ਦੂਜਾ, ਆਓ ਦੁਆ ਦੀ *ਦੁਰਵਰਤੋਂ* ਦੀ ਸਮੀਖਿਆ ਕਰਦੇ ਹਾਂ। ਯੋਨਾਥਾਨ ਦੋਸ਼ੀ ਕਿਉਂ ਨਹੀਂ

ਸੀ? ਕਿਉਂਕਿ ਖ਼ੁਦਾ ਪਲਿਸਤੀਆਂ ਨੂੰ ਹਰਾਉਣਾ ਚਾਹੁੰਦਾ ਸੀ। ਯੋਨਾਥਾਨ ਦਾ ਕੋਈ ਗੁਪਤ ਏਜੰਡਾ ਨਹੀਂ ਸੀ; ਉਸਦੀ ਕੋਈ ਆਪਣੀ ਵਡਿਆਈ ਨਹੀਂ ਸੀ। ਉਸਨੇ ਆਪਣੀ ਤਾਰੀਫ਼ ਨਹੀਂ ਚਾਹੀ ਸੀ। ਉਹ ਖ਼ੁਦਾ ਦੀ ਵਡਿਆਈ ਤੋਂ ਰੋਮਾਂਚਿਤ ਹੋ ਗਿਆ ਸੀ। ਪਰ ਦੁਆ ਦੀ ਦੁਰਵਰਤੋਂ ਅਸਾਨੀ ਨਾਲ ਹੋ ਸਕਦੀ ਹੈ। ਦੁਆ ਧੋਖਾ ਦੇਣ ਦੇ ਮਕਸਦ ਨਾਲ ਚਾਲਬਾਜ਼ੀ ਨਾਲ ਕਦੀ ਨਹੀਂ ਹੋਣੀ ਚਾਹੀਦੀ। ਪ੍ਰਚਾਰਕ ਨੂੰ ਕੋਈ ਯੋਜਨਾ ਬਣਾ ਕੇ ਦੁਆ ਦੇ ਰਾਹੀਂ ਲੋਕਾਂ ਨਾਲ ਧੋਖਾ ਨਹੀਂ ਕਰਨਾ ਚਾਹੀਦਾ। ਪ੍ਰਚਾਰ ਕਰਦਿਆਂ ਪ੍ਰਚਾਰਕ ਨੂੰ ਲੋਕਾਂ ਨੂੰ ਦੁਆ ਕਰਨ ਲਈ ਨਹੀਂ ਬਲਕਿ ਸੁਣਨ ਲਈ ਕਹਿਣਾ ਚਾਹੀਦਾ ਹੈ। ਪ੍ਰਚਾਰਕ ਲਈ ਦੁਆ ਕਰਨਾ ਜ਼ਰੂਰੀ ਹੈ; ਪਰ ਬਿਨਾਂ ਤਿਆਰੀ ਦੇ ਉਸ ਦੇ ਸੰਦੇਸ਼ ਕਿਸੇ ਕੰਮ ਦੇ ਨਹੀਂ ਹੋਣਗੇ। ਸੰਦੇਸ਼ ਦੁਆ ਵਿਚ ਹੋ ਕੇ ਅਧਿਐਨ ਕਰਕੇ ਤਿਆਰ ਕੀਤੇ ਹੋਣੇ ਚਾਹੀਦੇ ਹਨ। ਗਿਆਨ ਲਈ ਅਧਿਐਨ ਕਰੋ ਅਤੇ ਸਮਰੱਥਾ ਲਈ ਦੁਆ। ਦੁਆ ਕੰਮ ਤੋਂ ਬਚਣ ਦਾ ਪਵਿੱਤਰ ਢੰਗ ਨਹੀਂ ਹੈ। ਕੰਮ ਕਰਨ ਦਾ ਸਮਾਂ ਹੁੰਦਾ ਹੈ। ਦੁਆ ਅਯੋਗਤਾ ਦਾ ਬਦਲ ਨਹੀਂ ਹੋ ਸਕਦੀ।

ਤੀਜਾ, ਆਓ ਦੁਆ ਦੀ *ਅਵਰਤੋਂ* ਤੇ ਧਿਆਨ ਦਿੰਦੇ ਹਾਂ। ਦੁਰਵਰਤੋਂ ਅਤੇ ਅਵਰਤੋਂ ਵਿਚ ਫ਼ਰਕ ਹੈ। ਦੁਰਵਰਤੋਂ ਅਗਿਆਨਤਾ ਕਰਕੇ ਹੁੰਦੀ ਹੈ, ਜਦ ਕਿ ਅਵਰਤੋਂ ਖ਼ੁਦਗਰਜ਼ੀ ਕਰਕੇ। ਦੋਵੇਂ ਹੀ ਬਰਬਾਦੀ ਦਾ ਕਾਰਣ ਹਨ। ਅਵਰਤੋਂ ਵਿਚ ਖ਼ੁਦਾ ਤੋਂ ਆਪਣੀਆਂ ਯੋਜਨਾਵਾਂ ਲਈ ਬਰਕਤ ਮੰਗੀ ਜਾਂਦੀ ਹੈ। ਅਵਰਤੋਂ ਆਪਣਾ ਸੁੱਖ ਅਤੇ ਵਡਿਆਈ ਚਾਹੁੰਦੀ ਹੈ। ਦੁਆ ''ਲੋਕਾਂ ਦੀਆਂ ਨਜ਼ਰਾਂ ਵਿਚ ਚੰਗਾ ਬਣਨ'' ਲਈ ਬਿਲਕੁਲ ਨਹੀਂ ਹੈ। ਦੁਆ ਯੋਜਨਾ ਬਨਾਉਣ, ਕੋਸ਼ਿਸ਼ ਕਰਨ, ਯੋਗ ਅਗਵਾਈ ਜਾਂ ਉਦਾਰਤਾ ਦਾ ਬਦਲ ਕਦੇ ਨਹੀਂ ਹੋ ਸਕਦੀ। ਦੁਆ ਦੀ ਵਰਤੋਂ ਗੈਰ ਜ਼ਿੰਮੇਵਾਰੀ, ਆਰਥਿਕ ਪ੍ਰਬੰਧ ਜਾਂ ਨਿੱਜੀ ਤਾਰੀਫ਼ ਦਾ ਸਾਹਮਣਾ ਕਰਨ ਲਈ ਨਹੀਂ ਕੀਤੀ ਜਾ ਸਕਦੀ। ਆਗੂਆਂ ਨੂੰ ਚਾਹੀਦਾ ਹੈ ਕਿ ਅਜਿਹੇ ਕਿਸੇ ਕੰਮ ਲਈ ਦੁਆ ਨਾ ਕਰਨ, ਜਿਹੜਾ ਉਹ ਆਪ ਨਾ ਕਰਦੇ ਹੋਣ। ਯਿਸੂ ਅੱਜ ਵੀ ''ਕਲੀਸੀਆ ਦਾ ਸਿਰ'' ਹੈ (ਅਫ਼ਸੀਆਂ 1:22, 23; ਕੁਲੁੱਸੀਆਂ 1:17–19)। ਦੇਹ (ਅਰਥਾਤ ਕਲੀਸੀਆ) ਸਿਰ ਦੇ ਅਧੀਨ ਹੈ। ਇਹ ਮਸੀਹੀਅਤ ਦਾ ਬੁਨਿਆਦੀ ਸਿਧਾਂਤ ਹੈ। ਸਿਰ ਹੀ ਦੇਹ ਨੂੰ ਚਲਾਉਂਦਾ ਹੈ। ਸਿਰ ਦੇਹ ਨੂੰ ਯੋਗ ਬਣਾਉਂਦਾ ਹੈ।

ਚੌਥਾ, ਆਓ 1 ਸਮੂਏਲ 14 ਵਿਚ ਦੁਆ ਦੀ *ਵਰਤੋਂ* ਨੂੰ ਵੇਖਦੇ ਹਾਂ। ਫ਼ਜ਼ੂਲ ਦੁਆ ਵੀ ਹੋ ਸਕਦੀ ਹੈ। ਖ਼ੁਦਾ ਦੀ ਮਰਜ਼ੀ ਵਿਚ ਹੋਣਾ ਲੋਕਾਂ ਨੂੰ ਜੇਤੂ ਬਣਾਉਂਦਾ ਹੈ। ਸਭ ਮਤਭੇਦਾਂ ਤੋਂ ਹਟ ਕੇ ਉੱਪਰ ਵੱਲ ਨੂੰ ਵੇਖਦਿਆਂ ਯੋਨਾਥਾਨ ਕਹਿ ਰਿਹਾ ਸੀ, ''ਅਸੀਂ ਆਪਣੇ ਦੁਸ਼ਮਣ ਨੂੰ ਉੱਥੇ ਪਹੁੰਚਾ ਦਿੱਤਾ ਹੈ, ਜਿੱਥੇ ਖ਼ੁਦਾ ਉਨ੍ਹਾਂ ਨੂੰ ਪਹੁੰਚਾਉਣਾ ਚਾਹੁੰਦਾ ਸੀ!'' *ਪਹਿਲਾਂ ਦੁਆ ਕਰੋ!*